ISSN: 2584-0509

# ਪੰਜਾਬੀ ਸਮਾਜ ਸਭਿਆਚਾਰਕ ਸਰੋਕਾਰਾਂ ਦੀ ਤਰਜਮਾਨੀ ਕਰਦਾ ਪਾਤਰ ਕਾਵਿ

## (‘ਹਨ੍ਹੇਰੇ ਵਿਚ ਸੁਲਗਦੀ ਵਰਨਮਾਲਾ’ ਕਾਵਿ ਸੰਗ੍ਰਹਿ ਦੇ ਵਿਸ਼ੇਸ਼ ਪ੍ਰਸੰਗ ਵਿਚ)



ਡਾ. ਮਨਜੀਤ ਕੋਰ,
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬ ਯੂਨੀਵਰਸਿਟੀ
ਰੀਜ਼ਨਲ ਸੈਂਟਰ,
ਸ੍ਰੀ ਮੁਕਤਸਰ ਸਾਹਿਬ
+91 98761-56679

ਪੰਜਾਬੀ ਸਾਹਿਤ ਦੇ ਖੇਤਰ ਵਿਚ ਡਾ. ਸੁਰਜੀਤ ਪਾਤਰ ਦਾ ਨਾਂ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਸੁਰਜੀਤ ਪਾਤਰ ਦਾ ਲਿਖਣ ਢੰਗ ਬਹੁਤ ਨਿਵੇਕਲਾ ਅਤੇ ਸੁਤੰਤਰ ਹੈ। ਅਸਲ ਵਿਚ ਕੋਈ ਸਾਹਿਤਕਾਰ ਜਿਹੋ ਜਿਹੇ ਸਮਾਜ ਸਭਿਆਚਾਰ ਵਿਚ ਰਹਿੰਦਾ ਹੈ ਉਸ ਵਿਚੋਂ ਜੀਵਨ ਅਨੁਭਵ ਗ੍ਰਹਿਣ ਕਰਕੇ ਆਪਣੀ ਵਿਚਾਰਧਾਰਾ ਅਨੁਸਾਰ ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਆਪਣੇ ਵਿਲੱਖਣ ਤਜ਼ਰਬੇ ਅਤੇ ਹੁਨਰ ਅਨੁਸਾਰ ਉਸ ਸਮਾਜ ਸਭਿਆਚਾਰ ਨਾਲ ਜੁੜੇ ਵਰਤਾਰੇ ਅਤੇ ਸਮੱਸਿਆਵਾਂ ਨੂੰ ਇਕ ਵਿਸ਼ੇ ਵਜੋਂ ਆਪਣੀ ਸਾਹਿਤਕ ਰਚਨਾ ਵਿਚ ਚਿਤਰਦਾ ਹੈ। ਇਹ ਗੱਲ ਕਿਸੇ ਸਾਹਿਤਕਾਰ ਦੀ ਸੂਝ, ਸਮਝ, ਕਲਪਨਾ ਅਤੇ ਸ਼ਬਦ ਕਲਾ ਤੇ ਨਿਰਭਰ ਕਰਦੀ ਹੈ ਕਿ ਉਹ ਕਿਸੇ ਵਿਸ਼ੇ ਨੂੰ ਕਿੰਨਾ ਸ਼ਬਦਾਂ, ਪ੍ਰਤੀਕਾਂ ਅਤੇ ਅਲੰਕਾਰਾਂ ਦੇ ਮਾਧਿਅਮ ਰਾਹੀਂ ਆਪਣੀ ਸਾਹਿਤਕ ਰਚਨਾ ਵਿਚ ਬਿਆਨ ਕਰਦਾ ਹੈ। ਇਸ ਪੱਖ ਤੋਂ ਡਾ. ਸੁਰਜੀਤ ਪਾਤਰ ਦਾ ਕਾਵਿ ਦ੍ਰਿਸ਼ਟੀ, ਵਿਸ਼ੇ ਅਤੇ ਸਮਾਜ ਸਭਿਆਚਾਰਕ ਵਿਸ਼ਿਆਂ ਦੀ ਪੇਸ਼ਕਾਰੀ ਪੱਖੋਂ ਇਕ ਵਿੱਲਖਣ ਮੁਹਾਂਦਰਾਂ ਉਘੜ ਕੇ ਸਾਹਮਣੇ ਆਉਂਦਾ ਹੈ। ਡਾ. ਸੁਰਜੀਤ ਪਾਤਰ ਆਪਣੀ ਤੀਖਣ ਸੂਝ ਨਾਲ ਹੀ ਕਿਸੇ ਸਧਾਰਨ ਸਮਾਜਿਕ ਵਿਸ਼ੇ ਨੂੰ ਵਿਸ਼ੇਸ਼ ਬਣਾ ਦਿੰਦੇ ਹਨ ਜਦੋਂ ਆਪਣੀ ਕਲਮ ਦੇ ਜਾਦੂ ਨਾਲ ਉਸ ਦੀ ਪੁਨਰ ਸਿਰਜਣਾ ਕਰਦੇ ਹਨ। ਬਹੁਤ ਸਾਦ ਮੁਰਾਦੇ ਸੁਭਾਅ ਦਾ ਮਾਲਕ ਤੇ ਸਧਾਰਨ ਜਿਹੇ ਘਰ ਪਰਿਵਾਰ ਵਿਚ ਜਨਮ ਲੈਣ ਵਾਲਾ ਵਿਅਕਤੀ ਆਪਣੀ ਸ਼ਾਇਰੀ ਪੱਖੋਂ ਦੂਰ ਦ੍ਰਿਸ਼ਟੀ ਵਾਲਾ ਸੂਖਮ, ਬੌਧਿਕ ਅਤੇ ਸੁਰੀਲੀ ਸ਼ਬਦ ਰਚਨਾ ਦਾ ਕਵੀ ਹੋ ਨਿਬੜਿਆ ਹੈ। ਡਾ. ਸੁਰਜੀਤ ਪਾਤਰ ਹਰ ਪਾਠਕ ਦੇ ਮਨ ’ਤੇ ਆਪਣੀ ਗਹਿਰੀ ਛਾਪ ਛੱਡ ਗਿਆ ਹੈ।

ਡਾ. ਸੁਰਜੀਤ ਪਾਤਰ ਨੇ ‘ਹਵਾ ਵਿੱਚ ਲਿਖੇ ਹਰਫ਼’ (ਗ਼ਜ਼ਲ ਸੰਗ੍ਰਹਿ), ‘ਬਿਰਖ ਅਰਜ਼ ਕਰੇ’, ‘ਹਨ੍ਹੇਰੇ ਵਿੱਚ ਸੁਲਗਦੀ ਵਰਨਮਾਲਾ’, ‘ਲਫ਼ਜ਼ਾਂ ਦੀ ਦਰਗਾਹ’, ‘ਪਤਝੜ ਦੀ ਪਾਜ਼ੇਬ’, ‘ਸੁਰਜ਼ਮੀਨ’ (ਗ਼ਜ਼ਲ ਸੰਗ੍ਰਹਿ), ‘ਚੰਨ ਸੂਰਜ ਦੀ ਵਹਿੰਗੀ’ ਕਾਵਿ ਸੰਗ੍ਰਹਿ ਪੰਜਾਬੀ ਕਾਵਿ ਜਗਤ ਦੀ ਝੋਲੀ ਪਾਏ ਹਨ। ਇਸ ਤੋਂ ਇਲਾਵਾ ਡਾ. ਪਾਤਰ ਨੇ ਅਨੁਵਾਦ ਦੇ ਖੇਤਰ ਵਿਚ ਵੀ ਕੰਮ ਕੀਤਾ ਹੈ ਜਿਸ ਵਿਚ ਸਪੇਨੀ ਲੇਖਕ ਲੋਰਕਾ ਦੇ ਤਿੰਨ ਦੁਖਾਂਤ

'ਅੱਗ ਦੇ ਕਲੀਰੇ' (ਬਲੱਡ ਵੈਡਿੰਗ ), ਸਈਓ ਨੀ ਮੈਂ ਅੰਤਹੀਣ ਤਰਕਾਲਾਂ (ਯੇਰਮਾ), ਅਤੇ ਹੁਕਮੀ ਦੀ ਹਵੇਲੀ (ਲਾ ਕਾਸਾ ਡੇ ਬਰਨਾਰਡਾ ਅਲਬਾ) ਤੋਂ ਇਲਾਵਾ 'ਨਾਗ ਮੰਡਲ' (ਗਿਰੀਸ਼ ਕਾਰਨਾਡ ਦਾ ਨਾਟਕ), ਬ੍ਰੈਖਤ ਅਤੇ ਨੇਰੂਦਾ ਦੀਆਂ ਕਵਿਤਾਵਾਂ ਅਤੇ ਸ਼ਹਿਰ ਮੇਰੇ ਦੀ ਪਾਗਲ ਔਰਤ (ਯਾਂ ਜਿਰਾਦੂ ਦੇ ਫ਼ਰੈਂਚ ਨਾਟਕ ਲਾ ਫ਼ੋਲੇ ਡੇ ਸਈਓ) ਦਾ ਪੰਜਾਬੀ ਅਨੁਵਾਦ ਕੀਤਾ ਹੈ। ਇਸਦੇ ਨਾਲ ਹੀ ਡਾ. ਸੁਰਜੀਤ ਪਾਤਰ ਨੇ 'ਸੂਰਜ ਮੰਦਰ ਦੀਆਂ ਪੌੜੀਆਂ' ਅਤੇ 'ਇਹ ਬਾਤ ਨਿਰੀ ਏਨੀ ਹੀ ਨਹੀਂ' ਵਾਰਤਕ ਰਚਨਾ ਵੀ ਕੀਤੀ ਹੈ। 'ਹਨ੍ਹੇਰੇ ਵਿਚ ਸੁਲਗਦੀ ਵਰਨਮਾਲਾ' ਕਾਵਿ ਸੰਗ੍ਰਹਿ ਲਈ ਡਾ. ਸੁਰਜੀਤ ਪਾਤਰ ਨੂੰ 1993 ਵਿਚ ਸਾਹਿਤ ਅਕਾਦਮੀ ਇਨਾਮ ਮਿਲਿਆ (ਜਿਹੜਾ ਕਿ ਉਨ੍ਹਾਂ ਨੇ ਬਾਅਦ ਵਿਚ ਵਾਪਸ ਕਰ ਦਿੱਤਾ) ਅਤੇ 2012 ਵਿਚ ਉਨ੍ਹਾਂ ਨੂੰ ਭਾਰਤ ਦਾ ਸਰਵ-ਉੱਚ ਰਾਸ਼ਟਰੀ ਸਨਮਾਨ 'ਪਦਮ ਸ੍ਰੀ' ਮਿਲਿਆ। ਇਨ੍ਹਾਂ ਵੱਡੇ ਇਨਾਮਾ ਤੋਂ ਇਲਾਵਾ ਖੇਤਰੀ ਅਤੇ ਰਾਜ ਪੱਧਰ ਤੇ ਹੋਰ ਕਈ ਮਾਨ-ਸਨਮਾਨ ਵੀ ਪਾਤਰ ਸਾਹਬ ਨੂੰ ਪ੍ਰਾਪਤ ਹੋ ਚੁੱਕੇ ਹਨ। ਆਪ ਜੀ ਨੂੰ ਪ੍ਰਾਪਤ ਹੋਏ ਇਨ੍ਹਾਂ ਸਨਮਾਨਾਂ ਤੋਂ ਆਪ ਦੀ ਕਲਮ ਦੀ ਨੁਹਾਰ ਦਾ ਨੂਰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ। ਇਸਦੇ ਨਾਲ ਹੀ ਕਿਸੇ ਕਵੀ ਦੇ ਕਲਮ ਦੇ ਧਨੀ ਹੋਣ ਦਾ ਸਹਿਜ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਜੋ ਉਸ ਕਵੀ ਨੇ ਆਪਣੀਆਂ ਕਵਿਤਾਵਾਂ ਵਿਚ ਵਿਸ਼ੇ ਚੁਣ ਕੇ ਉਨ੍ਹਾਂ ਬਾਰੇ ਲਿਖਿਆ ਹੈ ਉਸ ਵਿਚ ਉਸਦਾ ਨਿੱਜ ਹੀ ਝਲਕਦਾ ਹੈ ਜਾਂ ਨਿੱਜ ਵਿਚੋਂ ਸਮੂਹਕਤਾ ਦੀ ਝਲਕ ਦਿਖਾਈ ਦਿੰਦੀ ਹੈ। ਅਰਥਾਤ ਆਪਣੇ ਮਨ ਦੇ ਸਿਰਫ਼ ਨਿੱਜੀ ਭਾਵਾਂ ਦਾ ਪ੍ਰਗਟਾਵਾ ਕਿਸੇ ਕਵੀ ਨੂੰ ਸਮੂਹ ਮਨ ਦੀ ਅਭਿਵਿਅਕਤੀ ਤਕ ਨਹੀਂ ਪਹੁੰਚਾ ਸਕਦਾ। ਇਸ ਸੰਦਰਭ ਵਿਚ ਡਾ. ਸੁਰਜੀਤ ਪਾਤਰ ਸੱਚਮੁੱਚ ਇਕ ਵੱਡਾ ਕਵੀ ਹੋ ਨਿਬੜਦਾ ਹੈ ਕਿਉਂਕਿ ਉਸ ਦੀ ਕਾਵਿ ਸਿਰਜਣਾ ਨਿੱਜ ਦਾ ਪ੍ਰਗਟਾਵਾ ਨਾ ਹੋ ਕੇ ਸਮੂਹ ਮਨ ਦਾ ਪ੍ਰਗਟਾਵਾ ਹੋ ਨਿਬੜਦੀ ਹੈ। ਇਹ ਗੱਲ ਭਾਵੇਂ ਆਪਣੇ ਆਪ ਵਿਚ ਸੱਚ ਹੈ ਕਿ ਕਿਸੇ ਲੇਖਕ ਦੇ ਜੀਵਨ ਕਾਲ ਦੇ ਹਾਲਾਤ ਅਤੇ ਉਨ੍ਹਾਂ ਵਿਚੋਂ ਪ੍ਰਾਪਤ ਕੀਤੇ ਅਨੁਭਵ ਉਸ ਲੇਖਕ ਦੀ ਸਾਹਿਤ ਸਿਰਜਣਾ ਵਿਚੋਂ ਜ਼ਰੂਰ ਝਲਕਦੇ ਹਨ ਜਿਸ ਤੋਂ ਪਾਤਰ ਕਾਵਿ ਵੀ ਅਣਭਿੱਜ ਨਹੀਂ ਹੈ। ਪਾਤਰ ਕਾਵਿ ਦਾ ਨੀਝ ਨਾਲ ਅਧਿਐਨ ਕਰਨ ਨਾਲ ਉਸਦੇ ਕਾਵਿ ਸਰੋਕਾਰਾਂ ਵਿਚ ਸਮੇਂ ਦੇ ਪ੍ਰਵਾਹ ਨਾਲ ਬਦਲਦੇ ਰਹਿਣ ਦੀ ਝਲਕ ਨੂੰ ਪਛਾਣਿਆ ਜਾ ਸਕਦਾ ਹੈ। ਇਸ ਖੋਜ ਪੇਪਰ ਵਿਚ ਡਾ. ਸੁਰਜੀਤ ਪਾਤਰ ਦੇ ਕਾਵਿ ਸਰੋਕਾਰਾਂ ਨੂੰ 'ਹਨ੍ਹੇਰੇ ਵਿਚ ਸੁਲਗਦੀ ਵਰਨਮਾਲਾ' ਕਾਵਿ

ਪੁਸਤਕ ਦੇ ਸੰਦਰਭ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ।

ਡਾ. ਸੁਰਜੀਤ ਪਾਤਰ ਦੇ ਨਿੱਜੀ ਸੁਭਾਅ ਵਾਂਗ ਉਨ੍ਹਾਂ ਦੀ ਕਵਿਤਾ ਰਿਦਮ ਸੁਰ ਤੇ ਤਾਲ ਵਿਚ ਚਲਦੀ ਹੈ। ਜਿਸ ਵਿਚੋਂ ਉਨਹਾਂ ਦੇ ਆਪਣੇ ਤਨ ਤੇ ਹੰਢਾਏ ਵਿਭਿੰਨ ਸਮਿਆਂ ਦਾ ਗਰਾਫ ਰੂਪਮਾਨ ਹੁੰਦਾ ਹੈ। ਪਾਤਰ ਸਮੇਂ ਦੇ ਵੇਗ ਨਾਲ ਬਦਲਦੇ ਸਮਾਜਿਕ ਹਾਲਾਤਾਂ ਨੂੰ ਆਪਣੀ ਵਿਚਾਰਧਾਰਾ ਦੀ ਤੱਕੜੀ 'ਤੇ ਤੋਲਦਾ ਹੋਇਆ ਵਿਭਿੰਨ ਸਰੋਕਾਰਾਂ ਨੂੰ ਆਪਣੀ ਕਾਵਿ ਸੁਰ ਵਿਚ ਸਹਿਜ ਸੁਭਾ ਅਭਿਵਿਅਕਤ ਕਰਦਾ ਜਾਂਦਾ ਹੈ। ਡਾ. ਸੁਰਜੀਤ ਪਾਤਰ ਪੰਜਾਬ ਦੇ ਵਰਤਮਾਨ ਸਮਾਜਿਕ, ਸਭਿਆਚਾਰਕ, ਰਾਜਸੀ, ਆਰਥਿਕ ਤੇ ਸਿੱਖਿਅਕ ਵਰਤਾਰੇ ਪ੍ਰਤੀ ਚਿੰਤਾ ਪ੍ਰਗਟ ਕਰਦਾ ਹੈ। ਡਾ. ਸੁਰਜੀਤ ਨੂੰ ਪੰਜਾਬ ਦੇ ਖ਼ੁਸ਼ਹਾਲ ਵਾਤਾਵਰਨ ਵਿਚ ਆਧੁਨਿਕਤਾ, ਉਦਯੋਗਿਕਰਨ, ਪੂੰਜੀਵਾਦ ਅਤੇ ਵਿਸ਼ਵੀਕਰਨ ਦੇ ਵਰਤਾਰੇ ਵਿਚ ਪਸਰ ਰਿਹਾ ਅਜੀਬ ਜਿਹਾ ਮਾਹੌਲ ਬਹੁਤ ਚਿੰਤਿਤ ਕਰਦਾ ਹੈ। ਜਿਸ ਵਿਚ ਆਰਥਿਕਤਾ ਮਨੁੱਖ ਨੂੰ ਕਈ ਤਰ੍ਹਾਂ ਦੇ ਜੀਵਨ ਰੰਗਾਂ ਦੇ ਰੂਬਰੂ ਕਰਾਉਂਦੀ ਹੈ। ਜਿਸ ਵਿਚ ਪ੍ਰਦੇਸ਼ਾਂ ਵਿਚ ਕਮਾਈ ਕਰਨ ਲਈ ਗਏ ਆਪਣਿਆਂ ਦਾ ਗ਼ਮ ਬਹੁਤ ਵੱਡਾ ਹੈ। ਪਰਿਵਾਰਕ ਜੀਵਨ ਵਿਚ ਸੁਰਜੀਤ ਪਾਤਰ ਦੀ ਮਹਿਜ ਅੱਠ ਸਾਲ ਦੀ ਉਮਰ ਵਿਚ ਹੀ ਉਸਦੇ ਪਿਤਾ ਘਰ ਦੀ ਆਰਥਿਕ ਤੰਗੀ ਨੂੰ ਠੀਕ ਕਰਨ ਲਈ ਪ੍ਰਦੇਸੀ ਹੋ ਗਏ ਸਨ। ਪਾਤਰ ਦੀਆਂ ਚਾਰ ਭੈਣਾਂ, ਇਕ ਭਰਾ ਤੇ ਮਾਂ ਦਾ ਉਸ ਵੱਲ ਕਈ ਆਸ਼ਾਵਾਂ ਨਾਲ ਭਰੀਆਂ ਨਜ਼ਰਾਂ ਨਾਲ ਵੇਖਣਾ ਅਰਥਾਤ ਘਰ ਪਰਿਵਾਰ ਵਿਚ ਵੱਡੇ ਹੋਣ ਦੀ ਭਾਵਨਾ ਨੇ ਪਾਤਰ ਨੂੰ ਇਕ ਸੁਹਿਰਦ ਤੇ ਸਾਊ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ ਹੈ, ਜਿਨ੍ਹਾਂ ਨੂੰ ਸੁਰਜੀਤ ਪਾਤਰ ਨੇ ਸਾਰੀ ਉਮਰ ਆਪਣੇ ਨਾਲ ਰੱਖਿਆ ਹੈ। ਘਰ ਪਰਿਵਾਰ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਪਿਤਾ ਦੇ ਪਰਦੇਸੀ ਹੋਣ ਦੇ ਦੁੱਖ ਨੂੰ ਡਾ. ਸੁਰਜੀਤ ਪਾਤਰ ਨੇ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। 'ਖ਼ਤਾਂ ਦੀ ਉਡੀਕ' ਅਤੇ 'ਮੇਰੀ ਧੁੱਪ' ਨਜ਼ਮਾਂ ਵਿਚ ਪਾਤਰ ਨੇ ਪਰਦੇਸੀਆਂ ਸਬੰਧੀ ਮਨ ਦੇ ਉਦਾਸ ਛਿਣਾਂ ਨੂੰ ਇੰਜ ਬਿਆਨ ਕੀਤਾ ਹੈ:-

ਰੰਗ ਬਰੰਗੇ ਨੋਟਾਂ ਦੀਆਂ ਤਿਤਲੀਆਂ ਫੜਦੇ
ਲੱਕੜ ਲੋਹੇ ਤੇ ਨ੍ਹੇਰੇ ਦੇ ਜੰਗਲ ਅੰਦਰ
ਸਾਰੇ ਯਾਰ ਗੁਆਚ ਗਏ ਨੇ
ਤੱਕਦੇ ਤੱਕਦੇ ਆਪਣਾ ਸ਼ਹਿਰ ਪਰਾਇਆ ਹੋਇਆ[1]

ਪਰਦੇਸੀਆਂ ਦੇ ਦੁੱਖ ਸੱਚਮੁਚ ਬਹੁਤ ਵੱਡੇ ਹਨ। ਕੋਈ ਵੀ ਵਿਅਕਤੀ ਐਵੇਂ ਹੀ ਪਰਦੇਸੀ ਨਹੀਂ ਹੋਣਾ ਚਾਹੁੰਦਾ ਸਗੋਂ ਮਜ਼ਬੂਰੀਆਂ ਹੀ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜ਼ਬੂਰ ਕਰਦੀਆਂ ਹਨ। ਭਾਵੇਂ ਅਜੋਕਾ ਸਮਾਂ ਬਦਲ ਗਿਆ ਹੈ ਅਤੇ ਆਵਾਜਾਈ ਦੇ ਸੌਖਾ ਹੋਣ ਦੇ ਨਾਲ-ਨਾਲ ਦੂਰ ਪ੍ਰਦੇਸੀਂ ਬੈਠੇ ਆਪਣਿਆਂ ਨਾਲ ਸੰਚਾਰ ਕਰਨਾ ਵੀ ਸੌਖਾ ਹੋ ਗਿਆ ਹੈ ਪਰੰਤੂ ਪਹਿਲਾਂ ਜਦੋਂ ਖ਼ਤ ਜਾਂ ਚਿੱਠੀ ਪੱਤਰ ਹੀ ਦੁੱਖ-ਸੁੱਖ ਤੋਂ ਜਾਣੂ ਕਰਵਾਉਣ ਅਤੇ ਦੂਰ ਵੱਸਦੇ ਆਪਣਿਆਂ ਤੱਕ ਸੁਨੇਹੇ ਪਹੁੰਚਾਉਣ ਦਾ ਸਾਧਨ ਸਨ ਤਾਂ ਉਸ ਸਮੇਂ ਖ਼ਤ ਦੀ ਸਚਮੁੱਚ ਬਹੁਤ ਅਹਿਮੀਅਤ ਸੀ ਜਿਸਨੂੰ ਪਾਤਰ ਦੀ ਕਵਿਤਾ 'ਖ਼ਤਾਂ ਦੀ ਉਡੀਕ' ਵਿਚੋਂ ਪਛਾਣਿਆ ਜਾ ਸਕਦਾ ਹੈ । ਡਾ. ਸੁਰਜੀਤ ਲਿਖਦਾ ਹੈ :-

ਇਕ ਖ਼ਤ ਆਵੇ ਮਾਂ-ਜਾਈ ਦਾ
ਬਾਂਝ ਵਿਯੋਗਣ ਰੁੱਤੇ ਵੀ
ਵੀਰਾ ਪੱਤ ਸ਼ਰੀਂਹ ਦੇ ਬੱਝ ਗਏ
ਮੇਰੇ ਬੂਹੇ ਉੱਤੇ ਵੀ...
ਖ਼ਤ ਆਵੇਗਾ ਰਾਤ ਬਰਾਤੇ
ਖ਼ਤ ਆਵੇਗਾ ਅੰਮੀ ਦਾ
ਪੁੱਤਰਾਂ ਇਉਂ ਨਹੀਂ ਭੁੱਲ ਜਾਈਦਾ
ਜਿਹੜੀ ਕੁੱਖੋਂ ਜੰਮੀਦਾ
ਖੜ੍ਹਾ ਖਲੋਤਾ ਹਾਲ ਤਾਂ ਪੁੱਛ ਜਾ
ਬੁੱਢੀ ਜਾਨ ਨਿਕੰਮੀ ਦਾ
ਉਮਰਾਂ ਵਾਗੂੰ ਅੰਤ ਵੀ ਹੁੰਦਾ
ਕਿਤੇ ਉਦਾਸੀ ਲੰਮੀ ਦਾ[2]

ਡਾ. ਸੁਰਜੀਤ ਪਾਤਰ ਦੇ ਕਾਵਿ ਸਰੋਕਾਰ ਮਨੁੱਖੀ ਪ੍ਰੇਮ ਭਾਵ, ਮਾਨਵੀ ਹੋਂਦ, ਪੂੰਜੀਵਾਦ, ਪੰਜਾਬ ਸੰਕਟ, ਰਾਜਸੀ ਕੂਟਨੀਤਿਕ ਵਰਤਾਰੇ ਅਤੇ ਸਭਿਆਚਾਰਕ ਕੀਮਤਾਂ ਨਾਲ ਜੁੜੇ ਹੋਏ ਹਨ। ਜਿਸ ਵਿਚ ਆਸ਼ਾ, ਨਿਰਾਸ਼ਾ, ਚੜ੍ਹਦੀ ਅਤੇ ਢਹਿੰਦੀ ਕਲਾ ਦੇ ਪਾਸਾਰ ਸ਼ਾਮਲ

ਹਨ। ਪਾਤਰ ਨੇ ਆਪਣੇ ਕਾਵਿ ਵਿਚ ਪ੍ਰੇਮ ਦੇ ਭਾਵਾਂ ਨੂੰ ਵਿਭਿੰਨ ਪੱਖਾਂ ਤੋਂ ਪੇਸ਼ ਕੀਤਾ ਹੈ। ਜਿਸ ਵਿਚ ਪਰਮਾਤਾਮਾ ਨਾਲ ਪ੍ਰੇਮ, ਕੁਦਰਤ ਤੇ ਪ੍ਰਕਿਤੀ ਨਾਲ ਪ੍ਰੇਮ, ਮਨੁੱਖਾਂ ਨਾਲ ਪ੍ਰੇਮ, ਦੇਸ਼ ਪ੍ਰੇਮ, ਮਾਂ ਬੋਲੀ ਪ੍ਰਤੀ ਪ੍ਰੇਮ ਅਤੇ ਨਿੱਜੀ ਪ੍ਰੇਮ ਤਹਿਤ ਔਰਤ ਮਰਦ ਦੇ ਆਪਸੀ ਅਹਿਸਾਸਾਂ ਨਾਲ ਜੁੜੀਆਂ ਪ੍ਰੇਮ ਭਾਵਨਾਵਾਂ ਸ਼ਾਮਲ ਹਨ। 'ਕਾਲ਼ੀ ਕਥਾ' ਕਵਿਤਾ ਵਿਚ ਕਵੀ ਲਿਖਦਾ ਹੈ:-

ਉਹ ਰਾਤ ਬੀਤ ਗਈ
ਪਰ ਉਸਦੀ ਤਾਰਿਆਂ ਵਾਲੀ ਚੁੰਨੀ
ਸੰਸਕਾਰਾਂ ਦੇ ਕੰਡਿਆਂ ਵਿਚ ਉਲਝ ਗਈ
ਪਿਤਰਾਂ ਦੀ ਅਦਾਲਤ ਨੇ ਉਸ ਚੁੰਨੀ ਨੂੰ
ਆਪਣੀ ਹਿਰਾਸਤ ਵਿਚ ਲੈ ਲਿਆ
ਉਹ ਜਦ ਕਦੀ ਮੇਰੇ ਦਿਲ ਦੀ ਦਰਗਾਹ ਵਿਚ
ਕਚਹਿਰੀ ਲਾਉਂਦੇ ਨੇ
ਮੈਂ ਬਿਆਨ ਦਿੰਦਾ ਹਾਂ:
ਉਹ ਜਦੋਂ ਮਿਲੀ
ਬੜੀ ਉਲਝੀ ਜਿਹੀ ਸੀ[3]

ਪਾਤਰ ਕਾਵਿ ਵਿਚ ਔਰਤ ਪੁਰਸ਼ ਪ੍ਰੇਮ ਭਾਵਾਂ ਵਿਚ ਸਮਾਜ ਦੇ ਬੰਧਨਾਂ ਦਾ ਜ਼ਿਕਰ ਕੀਤਾ ਗਿਆ ਹੈ। ਮੱਧ ਸ਼੍ਰੇਣੀ ਸਮਾਜ ਲਈ ਇਕ ਪ੍ਰੇਮੀ ਪ੍ਰੇਮਿਕਾ ਦਾ ਪਿਆਰ ਸਮਾਜ ਦੇ ਕਈ ਬੰਧਨਾਂ ਨਾਲ ਘਿਰਿਆ ਹੋਇਆ ਹੁੰਦਾ ਹੈ ਜਿਸ ਵਿਚ ਜਾਤ ਵਰਗ ਤੇ ਧਰਮ ਦੀ ਪ੍ਰਮੁੱਖਤਾ ਹੈ। ਇਸ ਵਿਚੋਂ ਸਿਰਫ਼ ਮਨ ਦੀਆਂ ਭਾਵਨਾਵਾਂ ਨੂੰ ਸਾਡੀਆਂ ਸਮਾਜ ਸਭਿਆਚਾਰਕ ਕੀਮਤਾਂ ਪ੍ਰਵਾਨ ਨਹੀਂ ਕਰਦੀਆਂ ਅਤੇ ਦੋ ਪ੍ਰੇਮ ਮੱਤੀਆਂ ਰੂਹਾਂ ਦਾ ਪਿਆਰ ਵਿਛੋੜਾ ਧਰਮ ਅਤੇ ਜਾਤ ਦੀ ਭੇਂਟ ਚੜ੍ਹ ਜਾਂਦਾ ਹੈ।

ਡਾ. ਸੁਰਜੀਤ ਪਾਤਰ ਅਧਿਐਨ ਅਧੀਨ ਕਾਵਿ ਸੰਗ੍ਰਹਿ ਵਿਚ ਰਾਜਸੀ ਵਰਤਾਰੇ ਨੂੰ ਵਿਭਿੰਨ ਪੱਖਾਂ ਤੋਂ ਚਿਤਰਦਾ ਹੈ। ਜਿਸ ਵਿਚ ਸਿਆਸਤ ਦੀਆਂ ਚਲਾਕੀਆਂ, ਲੋਭ-ਲਾਲਚ, ਆਮ ਮਨੁੱਖ ਤੇ ਸੱਤਾ ਹਾਸਲ ਕਰਨ ਪਿੱਛੋਂ ਕੀਤੇ ਜਾਂਦੇ ਤਸ਼ੱਦਦ ਅਤੇ ਮਾਨਵਤਾ ਦੇ ਪਤਨ ਦਾ ਬਿਆਨ ਕੀਤਾ ਗਿਆ ਹੈ। ਪਾਤਰ ਨੇ ਰਾਜਸੀ ਲੀਡਰਾਂ ਦੀ ਕੂਟਨੀਤਿਕ ਚਲਾਕੀ ਅਤੇ ਜਮਾਤੀ ਪਾੜੇ ਨੂੰ ਬੜੇ ਵਿਅੰਗਮਈ ਅੰਦਾਜ਼ ਵਿਚ ਉਲੀਕਿਆ ਹੈ। ਰਾਜਸੀ

ਲੀਡਰਾਂ ਦੀ ਪਿਤਰਕੀ ਸੋਚ ਨਿਮਾਣਿਆਂ ਅਤੇ ਨਿਤਾਣਿਆਂ ਨੂੰ ਡਰਾ ਕੇ ਰੱਖਣ ਦੀ ਰਹੀ ਹੈ ਤਾਂ ਜੋ ਉਨ੍ਹਾਂ ਦੀ ਕੁਰਸੀ ਦਾ ਰਾਜ ਹਮੇਸ਼ਾਂ ਕਾਇਮ ਰਹੇ ਸਕੇ। ਡਾ. ਸੁਰਜੀਤ ਪਾਤਰ 'ਬੁੱਢੀ ਜਾਦੂਗਰਨੀ ਆਖਦੀ ਹੈ', 'ਕੰਧ ਦੀ ਜੀਭ', 'ਇਤਿਹਾਸ' ਅਤੇ 'ਨਹੀਂ' ਕਵਿਤਾਵਾਂ ਵਿਚ ਰਾਜਸੀ ਸਿਆਸਤ ਦੀ ਅਜਿਹੀ ਹੀ ਕੂਟਨੀਤੀ ਤੇ ਵਿਅੰਗ ਕਰਦਾ ਲਿਖਦਾ ਹੈ:-

ਤੇਰਾ ਵੀ ਨਾਮ ਰੱਖਾਂਗੇ
ਤੇਰੀ ਛਾਤੀ 'ਤੇ ਵੀ ਖ਼ੰਜਰ ਜਾਂ ਤਗ਼ਮਾ ਧਰ ਦਿਆਂਗੇ
ਜੀਣ ਜੋਗਾ ਤਾਂ ਹੋ
ਤੇਰੀ ਵੀ ਹੱਤਿਆ ਕਰ ਦਿਆਂਗੇ
ਮੈਂ ਬੁੱਢੀ ਜਾਦੂਗਰਨੀ ਬੜੇ ਮੰਤਰ ਜਾਣਦੀ ਹਾਂ ...
ਮੈਂ ਜਿਹੜੇ ਵੀ ਹੱਥ ਨੂੰ ਆਪਣੇ ਹੱਥ 'ਚ ਘੁੱਟਿਆ ਹੈ
ਓਹੀ ਹੱਥ ਰੁੱਖ ਦੀ ਟਹਿਣੀ ਹੋ ਗਿਆ ਹੈ
ਤੇ ਹਰ-ਤਰਫ਼ੀ ਹਵਾ ਵਿਚ ਡੋਲਿਆ ਹੈ
ਮੇਰਾ ਢਿੱਡ ਹੱਸਦਾ ਹੈ: ਸ਼ੀਸ਼ਾ ਝੂਠ ਕਹਿੰਦਾ ਹੈ[4]

ਸੁਰਜੀਤ ਪਾਤਰ ਸਮਾਜਿਕ ਯਥਾਰਥ ਨੂੰ ਆਪਣੀਆਂ ਨਜ਼ਮਾਂ ਵਿਚ ਚਿਤਰਦਾ ਹੈ। ਪਾਤਰ ਨੇ ਮਾਨਵਵਾਦੀ ਨਜ਼ਰੀਏ ਤੋਂ ਬੇਇਨਸਾਫ਼ੀ, ਸਮਾਜਿਕ ਸਮੱਸਿਆਵਾਂ, ਰਾਜਸੀ ਕੂਟਨੀਤੀ, ਸਧਾਰਨ ਮਨੁੱਖ ਦੀ ਸਧਾਰਨਤਾ ਅਤੇ ਪੂੰਜੀਵਾਦੀ ਦੌਰ ਵਿਚ ਆਮ ਮਨੁੱਖ ਦੀ ਦਸ਼ਾ ਨੂੰ ਵਿਭਿੰਨ ਪਾਸਾਰਾਂ ਤੋਂ ਚਿਤਰਿਆ ਹੈ। 'ਹਨ੍ਹੇਰੇ ਵਿਚ ਸੁਲਗਦੀ ਵਰਨਮਾਲਾ' ਕਾਵਿ ਸੰਗ੍ਰਹਿ ਵਿਚ ਡਾ. ਸੁਰਜੀਤ ਪਾਤਰ ਨੇ ਸਮੇਂ ਦੇ ਸੱਚ ਨੂੰ ਬਿਆਨ ਕੀਤਾ ਹੈ। ਜਿਸ ਵਿਚ ਪੰਜਾਬ ਵਿਚ ਫੈਲੇ ਨਕਸਲਵਾਦ ਤੇ ਖਾੜਕੂ ਲਹਿਰ ਨੇ ਲੋਕਾਂ ਦੀ ਜ਼ਿੰਦਗੀ ਤੇ ਗਹਿਰੇ ਪ੍ਰਭਾਵ ਪਾਏ ਹਨ। ਪੰਜਾਬ ਸੰਕਟ ਦੇ ਇਸ ਕਾਲੇ ਦੌਰ ਵਿਚ ਚਾਰੇ ਪਾਸੇ ਬੇ-ਭਰੋਸਗੀ, ਖ਼ੌਫ਼, ਦਹਿਸ਼ਤ, ਕਤਲੋਗਾਰਤ ਅਤੇ ਦੁੱਖ ਦੇ ਡੂੰਘੇ ਸੋਗ ਦੀ ਛਾਪ ਮੌਜੂਦ ਸੀ। ਜਿਸ ਵਿਚ ਆਮ ਲੋਕਾਈ ਦਾ ਜੀਵਨ ਬਹੁਤ ਤਰਸਯੋਗ ਸੀ। ਪੰਜਾਬ ਸੰਕਟ ਦੇ ਇਸ ਦੌਰ ਤੋਂ ਪਾਤਰ ਕਾਵਿ ਅਛੋਹ ਨਹੀਂ ਰਿਹਾ। ਪਾਤਰ ਨੇ ਪੰਜਾਬ ਦੇ ਇਸ ਸਮੇਂ ਨੂੰ ਅੱਖੀ ਦੇਖਿਆ ਤੇ ਹੱਡੀ ਹੰਡਿਆ ਹੈ। ਨਕਸਲਵਾਦੀ ਸਮੇਂ ਦੌਰਾਨ ਆਮ ਲੋਕਾਈ ਦੇ ਜੀਵਨ ਵਿਚ ਵਾਪਰੇ ਦੁਖਾਂਤ ਨੂੰ ਡਾ. ਸੁਰਜੀਤ ਪਾਤਰ ਆਪਣੀਆਂ ਨਜ਼ਮਾਂ 'ਕਦੇ ਨਹੀਂ ਸੀ

ਸੋਚਿਆ', 'ਪੁਲ', 'ਘਰਰ ਘਰਰ', 'ਉਦਾਸ ਦਿਨ', 'ਮੈਂ ਤੁਰਦਾ ਹਾਂ ਤੇਰੇ ਵੱਲ', 'ਹੁਣ ਘਰਾਂ ਨੂੰ ਪਰਤਣਾ' ਬਾਖ਼ੂਬੀ ਰੂਪਮਾਨ ਕਰਦੀਆਂ ਹਨ। ਜਿਵੇਂ :-

ਮਾਤਮ
ਹਿੰਸਾ
ਖੌਫ਼
ਬੇਬਸੀ
ਤੇ ਅਨਿਆਂ
ਇਹ ਨੇ ਅੱਜ ਕੱਲ੍ਹ ਮੇਰੇ ਦਰਿਆਵਾਂ ਦੇ ਨਾਂ।[5]

ਸੁਰਜੀਤ ਪਾਤਰ ਨੇ ਆਪਣੀ ਕਾਵਿ ਰਚਨਾ ਵਿਚ ਮਨੁੱਖ ਦੀ ਸਮੇਂ ਦੇ ਨਾਲ ਨਿਰੰਤਰ ਬਦਲਦੀ ਸੋਚ, ਭੋਲੇ ਭਾਲੇ ਲੋਕਾਂ ਨੂੰ ਚਲਾਕੀ ਨਾਲ ਠੱਗਣ ਦੀ ਪ੍ਰਵਿਰਤੀ, ਝੂਠ, ਫਰੇਬ, ਧੋਖਾ, ਪਾਖੰਡ, ਮਨੁੱਖ ਦੀ ਬਹੁਰੂਪੀਆ ਪ੍ਰਵਿਰਤੀ, ਲੂੰਬੜ ਚਾਲਾਂ, ਰਾਜਸੀ ਲੀਡਰਾਂ ਦੀ ਸਧਾਰਨ ਮਨੁੱਖ ਨੂੰ ਲੋਭ ਅਤੇ ਲਾਲਚ ਮੱਕਾਰੀ ਨਾਲ ਠੱਗਣ ਦੀਆਂ ਚਾਲਾਂ ਦਾ ਬਿਆਨ ਆਪਣੀਆਂ ਕਵਿਤਾਵਾਂ ਵਿਚ ਪੇਸ਼ ਕੀਤਾ ਹੈ। ਪਾਤਰ ਲਿਖਦਾ ਹੈ:-

ਮੇਰੇ 'ਚੋਂ ਨਹਿਰੂ ਵੀ ਬੋਲਦਾ ਹੈ, ਮਾਓ ਵੀ
ਕ੍ਰਿਸ਼ਨ ਵੀ ਬੋਲਦਾ ਹੈ, ਕਾਮੂ ਵੀ
ਵਾਇਸ ਆਫ਼ ਅਮੈਰਿਕਾ ਵੀ ਬੀ.ਬੀ.ਸੀ. ਵੀ
ਮੇਰੇ 'ਚੋਂ ਬਹੁਤ ਕੁਝ ਬੋਲਦਾ ਹੈ
ਨਹੀਂ ਬੋਲਦਾ ਤਾਂ ਬਸ ਮੈਂ ਹੀ ਨਹੀਂ ਬੋਲਦਾ[6]

ਸੁਰਜੀਤ ਪਾਤਰ ਮਨੁੱਖੀ ਜੀਵਨ ਨੂੰ ਘੜੀ ਦੇ ਗੇੜ ਵਿਚ ਨਿਰੰਤਰ ਚਲਦਾ ਦਿਖਾਉਂਦਾ ਹੈ ਜਿਸ ਵਿਚ ਮਨੁੱਖ ਰੋਜ਼ਾਨਾਂ ਦੀਆਂ ਜੀਵਨ ਲੋੜਾਂ ਦੀ ਘੁੰਮਣ ਘੇਰੀ ਵਿਚ ਨੌਕਰੀ, ਘਰ ਤੇ ਖ਼ਰਚ ਦਾ ਹੀ ਚਰਚਾ ਹੈ। ਮਨੁੱਖ ਜੀਵਨ ਦੇ ਇਸ ਚੱਕਰਵਿਊ ਵਿਚ ਇਸ ਤਰ੍ਹਾਂ ਫਸ ਜਾਂਦਾ ਹੈ ਕਿ ਉਸਦਾ ਇਸ ਵਿਚੋਂ ਕਿਸੇ ਵੀ ਹੀਲੇ ਬਾਹਰ ਨਿਕਲਣਾ ਸੰਭਵ ਨਹੀਂ ਜਾਪਦਾ। ਇਸ ਪੱਖ ਤੋਂ ਪਾਤਰ ਲਿਖਦਾ ਹੈ :-

ਘਰ ਦਫ਼ਤਰ ਤਨਖ਼ਾਹ ਤਰੱਕੀ
ਰੋਟੀ ਸਰਵਿਸ ਕੱਚੀ ਪੱਕੀ
ਚਿੱਠੀਆਂ ਤਾਰਾਂ ਤੇ ਅਖ਼ਬਾਰਾਂ

ਨਿੱਕੀਆਂ ਨਿੱਕੀਆਂ ਜਿੱਤਾ ਹਾਰਾਂ
ਇਕ ਦੋ ਗਿਆਰਾਂ ਬਾਰਾਂ ਦੀ ਥਾਂ
ਇਹ ਨੇ ਇਸ ਘੜੀ ਦੇ ਹਿੱਸੇ
ਮੁੜ ਮੁੜ ਕੱਢੇ ਉਹੀ ਗੇੜੇ
ਹੋਰ ਨਾ ਕੋਈ ਪੈਂਡਾ ਇਸਦਾ
ਇਹ ਬੱਸ ਆਪਣੀ ਆਉਧ ਨਿਬੇੜੇ [7]

ਸਮੇਂ ਦਾ ਸਮਕਾਲੀ ਗੇੜ੍ਹ ਸਮਾਜਿਕ, ਆਰਥਿਕ ਅਤੇ ਰਾਜਸੀ ਵਰਤਾਰੇ ਦਾ ਨਿਰੰਤਰ ਬਦਲਦਾ ਚੱਕਰਵਿਉ ਹੈ ਜਿਸ ਵਿਚ ਅਨਿਆਂ, ਝੂਠ, ਮੱਕਾਰੀ, ਚਾਲਾਕੀ, ਠੱਗੀ ਤੇ ਚੋਰਾਂ ਦਾ ਟੋਲਾ ਪ੍ਰਧਾਨ ਬਣਿਆ ਘੁੰਮ ਰਿਹਾ ਹੈ ਅਤੇ ਸੱਚ ਕਿਧਰੇ ਨੁੱਕਰ ਵਿਚ ਬੈਠਾ ਸਿਸਕੀਆਂ ਭਰ ਰਿਹਾ ਹੈ ਅਰਥਾਤ ਅਜੋਕੇ ਸਮਾਜਿਕ ਵਰਤਾਰੇ ਵਿਚ ਪੈਸੇ ਦੀ ਧੌਂਸ ਨਾਲ ਅਨਿਆਂ ਪ੍ਰਧਾਨ ਬਣਿਆ ਘੁੰਮ ਰਿਹਾ ਹੈ। ਜਿਸ ਵਿਚ ਚੋਰਾਂ ਦੇ ਟੋਲੇ ਦੀ ਇੱਛਾ ਸਮਾਜ ਦੇ ਹਰ ਵਰਤਾਰੇ ਤੇ ਕਬਜ਼ਾ ਕਰਕੇ ਆਪਣੀ ਧੌਂਸ ਜਮਾਉਣ ਦੀ ਹੈ ਅਜਿਹੇ ਸਮਾਜੀ ਵਰਤਾਰੇ ਪ੍ਰਤੀ ਵਿਅੰਗ ਕਰਦਾ ਡਾ. ਸੁਰਜੀਤ ਲਿਖਦਾ ਹੈ :-

ਹੁਣ ਮਾਸੂਮੀਅਤ ਕੀ ਹੈ?
ਸਾਈਡਪੋਜ਼ ਹੈ ਗੋਲੇ ਕਬੂਤਰ ਦਾ
ਜਾਂ ਬੁੱਤ ਦੀ ਦਸਤਾਵੇਜ਼ੀ ਮੁਸਕਰਾਹਟ
ਸ਼ਹਿਰ ਨੂੰ ਚੋਰ ਲੋਰੀ ਦੇ ਰਹੇ ਨੇ
ਛਲੇਡਾ ਫੁੱਲ ਬਣਿਆ ਹੈ
ਤੇ ਜਾਂ ਲੂੰਬੜ ਨੂੰ ਚੋਣ ਨਿਸ਼ਾਨ ਮਿਲ ਗਿਆ ਹੈ
ਹੁਣ ਮਾਸੂਮੀਅਤ ਕੀ ਹੈ
ਹੁਣ ਤਾਂ ਪਤਾ ਹੈ ਕਿ ਜੰਡ 'ਤੇ ਤਰਕਸ਼
ਸਾਹਿਬਾਂ ਨੇ ਨਹੀਂ, ਸਮਿਆਂ ਨੇ ਟੰਗਿਆ ਸੀ [8]

ਪੰਜਾਬ ਸੰਕਟ ਦੇ ਦੌਰ ਦੌਰਾਨ ਇੱਥੇ ਪੱਸਰੇ ਨਕਸਲਵਾਦੀ ਮਾਹੌਲ ਵਿਚ ਸਧਾਰਨ ਮਨੁੱਖ ਵੱਲੋਂ ਹੰਢਾਏ ਗਏ ਦੁੱਖ ਤੇ ਤਸੀਹੇ ਇਨਸਾਨੀਅਤ ਨੂੰ ਸ਼ਰਮਸਾਰ ਕਰਦੇ ਹਨ। ਚਾਰੇ ਪਾਸੇ ਦਹਿਸ਼ਤ ਦੇ ਮਾਹੌਲ ਨੇ ਮਨੁੱਖ ਦਾ ਜੀਣਾ ਬੇਹਾਲ ਕਰ ਦਿੱਤਾ ਸੀ। ਨੌਜਵਾਨਾਂ ਦੀ ਜਾਨ ਨੂੰ ਹਰ ਵੇਲੇ ਮੌਤ ਦਾ ਖ਼ੌਫ ਸਤਾ ਰਿਹਾ ਸੀ ਕਿ ਪਤਾ ਨਹੀਂ ਕਿਸ ਵੇਲੇ ਕਿਸੇ

ਬੇਕਸੂਰੇ ਨੂੰ ਫਰਜ਼ੀ ਮੁਕਾਬਲੇ ਵਿਚ ਮੌਤ ਦਾ ਨਿਸ਼ਾਨਾ ਬਣਾ ਲਿਆ ਜਾਵੇ। ਪੰਜਾਬ ਸੰਕਟ ਦੇ ਸਮੇਂ ਦੌਰਾਨ ਸਮਾਜਕ ਵਰਤਾਰੇ ਨੂੰ ਡਾ. ਸੁਰਜੀਤ ਕਾਵਿ ਸੁਰ ਵਿੱਚ ਇੰਝ ਪੇਸ਼ ਕਰਦਾ ਹੈ :-

ਉਂਜ ਤਾਂ ਮੈਨੂੰ ਬਹੁਤ ਚੰਗਾ ਲਗਦਾ ਹੈ
ਅਸਮਾਨ ਉੱਤੇ ਤਾਰਿਆਂ ਨੂੰ ਜੋੜ ਜੋੜ
ਤੇਰਾ ਤੇ ਆਪਣਾ ਨਾ ਲਿਖਣਾ
ਪਰ ਜਦ ਕਦੀ ਅਚਾਨਕ
ਬੰਦੂਕ ਦੀ ਨਾਲੀ 'ਚੋਂ ਨਿਕਲਦੀ ਅੱਗ ਨਾਲ
ਪੜ੍ਹਨ ਗਿਆ ਦੀ ਛਾਤੀ 'ਤੇ
ਉਨ੍ਹਾਂ ਦਾ ਭਵਿੱਖ ਲਿਖਿਆ ਜਾਂਦਾ ਹੈ
ਜਾਂ ਬੀਜੇ ਜਾਂਦੇ ਹਨ ਗਿਆਨ ਦੇ ਸ਼ੱਰੇ
ਜਾਂ ਸਿਖਾਇਆ ਜਾਂਦਾ ਹੈ ਐਸਾ ਸਬਕ
ਕਿ ਘਰ ਜਾ ਕੇ ਮਾਂ ਨੂੰ ਸੁਣਾ ਵੀ ਨਾ ਸਕਣ[9]

ਡਾ. ਸੁਰਜੀਤ ਪਾਤਰ ਗਲਤ ਨੂੰ ਗਲਤ ਅਤੇ ਠੀਕ ਨੂੰ ਠੀਕ ਆਖਣ ਵਾਲਾ ਬੁਲੰਦ ਇਰਾਦੇ ਵਾਲਾ ਕਵੀ ਹੈ। ਉਹ ਸਮਾਜ ਵਿਚ ਵਾਪਰਦੇ ਗਲਤ ਵਰਤਾਰੇ ਪ੍ਰਤੀ ਵਿਅੰਗ ਕਰਦਾ ਹੈ। ਉਹ ਪਾਠਕ ਨੂੰ ਵੀ ਸਮਾਜਿਕ ਵਰਤਾਰੇ ਵਿਚ ਅਤੇ ਆਪਣੇ ਨਿੱਜ ਨਾਲ ਗਲਤ ਵਾਪਰਦੇ ਪ੍ਰਤੀ ਆਵਾਜ਼ ਚੁੱਕਣ ਦੀ ਗੱਲ ਕਰਦਾ ਹੈ ਤਾਂ ਜੋ ਮਾਨਵਤਾ ਨੂੰ ਭੈੜੀਆਂ ਚਾਲਾਂ ਤੋਂ ਬਚਾਇਆ ਜਾ ਸਕੇ ਅਤੇ ਮਨੁੱਖ ਆਪਣੇ ਵਿਕਾਸ ਲਈ ਅੱਗੇ ਕਦਮ ਵਧਾ ਸਕੇ।

ਹੁਣ ਨਹੀਂ ਤਾਂ ਕੁਝ ਦਿਨ ਅਟਕ ਕੇ ਸਹੀ
ਮਨ 'ਤੇ ਪਈਆਂ
ਅਨੇਕਾਂ ਸਿਆਹ ਰਾਤਾਂ 'ਚ ਭਟਕ ਕੇ ਸਹੀ
ਕੀ ਠੀਕ ਹੈ ਕੀ ਗ਼ਲਤ
ਇਸ ਦੁਬਿਧਾ ਦੀ ਸਲੀਬ 'ਤੇ
ਲਗਾਤਾਰ ਲਟਕ ਕੇ ਸਹੀ
ਦ੍ਰਿਸ਼ ਵਿਚ ਜੋ ਕੁਝ ਮੈਲਾ ਹੈ

ਉਸ ਵੱਲ ਉਂਗਲ ਚੁੱਕਣਾ ਜ਼ਰੂਰੀ ਹੈ
ਦ੍ਰਿਸ਼ਟੀ 'ਤੇ ਜ਼ਰਾ ਕੁ ਦਾਗ਼ ਪਵੇ
ਤੜਪ ਉਠਣਾ ਜ਼ਰੂਰੀ ਹੈ[10]

ਆਪਣੇ ਵਿਚਾਰ ਨੂੰ ਅੱਗੇ ਵਧਾਉਂਦਾ ਕਵੀ ਦੱਸਦਾ ਹੈ ਕਿ ਜੇਕਰ ਮਨੁੱਖ ਨੇ ਸਮਾਂ ਰਹਿੰਦੇ ਹੀ ਜ਼ੁਲਮ ਦੇ ਵਿਰੁੱਧ ਆਵਾਜ਼ ਨਾ ਚੁੱਕੀ ਤਾਂ ਬਦੀ ਦੀ ਹਕੂਮਤ ਬਲਵਾਨ ਹੁੰਦੀ ਜਾਵੇਗੀ ਜਿਸ ਵਿਚ ਸੱਚ ਤੇ ਨਿਆਂ ਆਪਣੀ ਪਹਿਚਾਣ ਸਦਾ ਲਈ ਗੁਆ ਬੈਠਣਗੇ।

ਨਹੀਂ ਤਾਂ ਆਤਮਾ ਵਿਚ ਏਨਾ ਸ਼ੋਰ ਬੁਣਿਆ ਜਾਵੇਗਾ
ਨਾ ਕੁਝ ਠੀਕ ਤਰ੍ਹਾਂ ਆਖਿਆ
ਨਾ ਸੁਣਿਆ ਜਾਵੇਗਾ
ਸਭ ਠੀਕ ਹੈ, ਸਭ ਚਲਦਾ ਹੈ
ਏਹੀ ਵਾਕ, ਬਹੁਤ ਗਹਿਰਾ
ਮਨ ਵਿਚ ਖੁਣਿਆ ਜਾਵੇਗਾ [11]

ਡਾ. ਸੁਰਜੀਤ ਪਾਤਰ 'ਇਕ ਵਾਰੀ ਜੋ ਜਨਮ ਲਵੇ' ਕਵਿਤਾ ਵਿਚ ਮਾਨਵ ਦੀ ਆਪਣੇ ਜੀਵਨ ਦੌਰਾਨ ਅਤੇ ਜੀਵਨ ਪਿੱਛੋਂ ਇਸ ਧਰਤੀ ਤੇ ਯਾਦ ਕੀਤੇ ਜਾਣ ਦੀ ਅਰਥਾਤ ਮਾਨਵੀਂ ਚੇਤਿਆਂ ਵਿਚ ਪਰੋਏ ਜਾਣ ਦੇ ਬਾ-ਕਮਾਲ ਸਮਾਜਿਕ ਮਾਨਵੀਂ ਰਿਸ਼ਤਿਆਂ ਦੇ ਸੱਚ ਨੂੰ ਕਲਮਬੱਧ ਕਰਦਾ ਹੈ। ਕਿਉਂਕਿ ਇਹ ਸਮਾਜਿਕ ਜੀਵਨ ਦਾ ਸੱਚ ਹੈ ਕਿ ਮਨੁੱਖ ਆਪਣਿਆਂ ਦੀਆਂ ਯਾਦਾਂ ਵਿਚ ਮਰ ਕੇ ਵੀ ਨਹੀਂ ਭੁੱਲਦਾ। ਮਨੁੱਖ ਵਾਰ-ਵਾਰ ਖੁਸ਼ੀ ਗਮੀ ਦੌਰਾਨ ਆਪਣਿਆਂ ਪੁਰਖਿਆਂ ਨੂੰ ਯਾਦ ਕਰਦਾ ਹੀ ਰਹਿੰਦਾ ਹਾਂ:-

ਜੀਵਦਿਆਂ ਦੀ ਵਿਚ ਅਦਾਲਤ
ਨਿੱਤ ਪੈਣ ਮੋਇਆਂ ਨੂੰ 'ਵਾਜਾਂ
ਕਦੀ ਤਾਂ ਮੋਏ ਮੁਨਸਿਫ਼ ਬਣਦੇ
ਕਦੀ ਤਾਂ ਭਰਨ ਖਰਾਜਾਂ
ਕਬਰਾਂ ਵਿਚ ਵੀ ਸੌਣ ਨ ਦਿੰਦੇ
ਇਹ ਬਿੰਦੀ ਇਹ ਨਾਦੀ
ਇਕ ਵਾਰੀ ਜੋ ਜਨਮ ਲਵੇ
ਉਹ ਸੁਲਗੇ ਅਦਿ-ਜੁਗਾਦੀ। [12]

ਡਾ. ਸੁਰਜੀਤ ਪਾਤਰ ਰਿਸ਼ਤਿਆਂ ਪ੍ਰਤੀ ਮੋਹ ਨਾਲ ਭਰਿਆ ਹੋਇਆ ਹੈ। ਉਸ ਦੀ ਜੀਵਨ ਧਾਰਾ ਵਾਂਗ ਉਸਦੀ ਕਵਿਤਾ ਰਿਸ਼ਤਿਆਂ ਦੀ ਹਮੇਸ਼ਾਂ ਕਦਰ ਕਰਦੀ ਹੈ। ਇਹ ਰਿਸ਼ਤੇ ਮਾਨਵ ਮਨ ਵਿਚ ਹਮੇਸ਼ਾਂ ਪਿਆਰ ਤੇ ਸਤਿਕਾਰ ਦੀ ਭਾਵਨਾ ਨੂੰ ਹੋਰ ਦ੍ਰਿੜ ਕਰਦੇ ਹਨ। ਸਮੇਂ ਨੇ ਭਾਵੇਂ ਅਜੋਕੀ ਜੀਵਨ ਧਾਰਾ ਦੇ ਕਈ ਪਹਿਲੂ ਬਦਲ ਦਿੱਤੇ ਹਨ ਤੇ ਸੰਸਾਰ ਇਕ ਗਲੋਬਲ ਪਿੰਡ ਬਣ ਗਿਆ ਹੈ ਪਰੰਤੂ ਪਹਿਲਾਂ ਪਹਿਲ ਪ੍ਰਦੇਸੀ ਜਾਣ ਦਾ ਸਿਰਫ਼ ਸਮੁੰਦਰੀ ਰਸਤਾ ਹੋਣ ਕਰਕੇ ਪਿੱਛੇ ਰਹੇ ਗਏ ਘਰ ਪਰਿਵਾਰ ਦੇ ਜੀਆਂ ਵਿਚ ਹਮੇਸ਼ਾਂ ਚਿੰਤਾ ਬਣੀ ਰਹਿੰਦੀ ਸੀ। ਅਜਿਹੇ ਹਾਲਾਤ ਵਿਚ ਪ੍ਰਦੇਸੀ ਪੁੱਤਰ, ਪਤੀ ਜਾਂ ਭਰਾ ਪ੍ਰਤੀ ਮਾਂ, ਧੀ, ਭੈਣ ਤੇ ਪਤਨੀ ਦੇ ਮਨ ਵਿਚਲੇ ਡਰ ਨੂੰ ਬਿਆਨ ਕਰਦਾ ਪਾਤਰ ਲਿਖਦਾ ਹੈ :-

ਕਿਸੇ ਕਿਸੇ ਰਾਤ ਇਉਂ ਲਗਦਾ ਹੈ
ਸਾਡੇ ਘਰ ਨਿੱਕੇ ਵੱਡੇ ਸਮੁੰਦਰੀ ਜਹਾਜ਼ਾਂ ਵਾਂਗ
ਖ਼ੌਫ਼ ਦੇ ਸਮੁੰਦਰ ਵਿਚ ਤਰਦੇ ਨੇ
ਜਦੋਂ ਕੋਈ ਜਹਾਜ਼ ਡੁੱਬਦਾ ਹੈ
ਤਾਂ ਲੋਕ ਬਾਰੀਆਂ 'ਚੋਂ ਝਾਕਦੇ ਡਰਦੇ ਨੇ
ਤੇ ਸ਼ੁਕਰ ਵੀ ਕਰਦੇ ਨੇ
ਇਹ ਜੋ ਡੁੱਬਿਆ ਹੈ ਜਹਾਜ਼
ਸਾਡਾ ਨਹੀਂ[13]

ਡਾ. ਸੁਰਜੀਤ ਸਮੇਂ ਦੇ ਗੇੜ ਦੇ ਨਿਰੰਤਰ ਚਲਦੇ ਰਹਿਣ ਦੀ ਗੱਲ ਕਰਦਾ ਹੈ। ਜਿਸ ਵਿਚ ਬਹੁਤ ਕੁਝ ਬੀਤ ਚੁੱਕਾ ਹੈ, ਬੀਤ ਰਿਹਾ ਹੈ ਅਤੇ ਹੋਰ ਵੀ ਬਹੁਤ ਕੁਝ ਬੀਤ ਜਾਵੇਗਾ। ਇਹ ਸਮੇਂ ਦੀ ਚਾਲ ਦੇ ਵਰਤਾਰੇ ਵਿਚ ਮਾਨਵੀ ਜੀਵਨ ਦੀਆਂ ਖ਼ੁਸ਼ੀ-ਗ਼ਮੀ, ਦੁੱਖ-ਸੁੱਖ, ਹਾਸੇ-ਰੋਸੇ, ਮਿਲਾਪ-ਵਿਛੋੜੇ, ਸੱਧਰਾਂ ਦੇ ਪੂਰੇ ਹੋਣ ਜਾਂ ਅਧੂਰੇ ਰਹਿਣ, ਆਪਣੇ ਬੀਤੇ ਅੰਗ ਸਾਕਾਂ ਦੀਆਂ ਯਾਦਾਂ, ਕੁਝ ਮਿੱਠੇ ਤੇ ਕੁਝ ਕੌੜੇ ਅਨੁਭਵਾਂ ਦੀਆਂ ਸੌਗਾਤਾਂ ਸ਼ਾਮਲ ਹਨ। ਪਾਤਰ ਲਿਖਦਾ ਹੈ:-

ਇਸ ਖੂਹ ਵਿਚ ਕੀ ਕੁਝ ਡੁੱਬ ਗਿਆ
ਜੋ ਡੁੱਬਿਆ ਸੀ ਉਹ ਭੁੱਲ ਵੀ ਗਿਆ
ਪਰ ਚੇਤਿਆਂ ਤੀਕਰ ਕਦੇ ਕਦੇ
ਹਾਲੇ ਵੀ ਆ ਹੀ ਜਾਂਦੀ ਹੈ

ਸਾਲਾਂ ਦੀਆਂ ਸੌ ਗਹਿਰਾਈਆਂ 'ਚੋਂ
ਕੋਈ ਚੀਜ਼ ਪੁਰਾਣੀ ਜੰਗਾਲੀ
ਕੋਈ ਭੁੱਲੀ ਵਿਸਰੀ ਬਾਤ ਮੀਆਂ
ਕੋਈ ਬੀਤੀ ਗੁਜ਼ਰੀ ਰਾਤ ਮੀਆਂ[14]

ਇਸ ਨਜ਼ਮ ਵਿਚ ਨਿਰੰਤਰ ਸਮੇਂ ਦੇ ਪ੍ਰਵਾਹ ਵਿਚ ਦੇਸ਼ ਦੇ ਇਤਿਹਾਸ ਨੂੰ ਬਿਆਨ ਕਰਦਾ ਪਾਤਰ ਅੱਗੇ ਲਿਖਦਾ ਹੈ:-

ਉਹ ਰਾਤ ਵੀ ਡਾਢੀ ਕਾਲੀ ਸੀ
ਜਦ ਦਿਵਸ ਚੜ੍ਹਾਵਣ ਨਿਕਲੇ ਸਾਂ
ਦਿਲ ਵਿਚ ਦੁਖੀਆ ਦੀਆਂ ਕੂਕਾਂ ਸਨ
ਕੁਝ ਨਜ਼ਮਾਂ ਸਨ ਬੰਦੂਕਾਂ ਸਨ
ਤਲੀਆਂ 'ਤੇ ਜਗਦੇ ਦੀਵੇ ਸਨ
ਗਲੀਆਂ ਵਿਚ ਜਹਿਰੀ ਫੂਕਾਂ ਸਨ
ਫਿਰ ਆਸੇ ਪਾਸੇ ਜੇਲ੍ਹਾਂ ਸਨ ...
ਜੇਲ੍ਹਾਂ ਦੇ ਬੂਹੇ ਜਦ ਖੁੱਲ੍ਹੇ
ਲੱਗਿਆ ਹੋ ਗਈ ਪਰਭਾਤ ਮੀਆਂ[15]

ਸਮੇਂ ਦੇ ਇਸ ਨਿਰੰਤਰ ਬਦਲਦੇ ਗੇੜ੍ਹ ਦੌਰਾਨ ਸਧਾਰਨ ਮਨੁੱਖ ਨੂੰ ਕਈ ਵਾਰ ਕੁਝ ਪਾਖੰਡੀ ਤੇ ਲਾਲਚੀ ਲੋਕਾਂ ਦੀ ਲੁੱਟ ਦਾ ਸ਼ਿਕਾਰ ਵੀ ਹੋਣਾ ਪਿਆ ਹੈ। ਜਿਸ ਪ੍ਰਤੀ ਸਮਾਕਲੀ ਸਮਾਜਿਕ ਵਰਤਾਰੇ ਨੂੰ ਆਪਣੇ ਅਨੁਭਵ ਵਿਚ ਢਾਲ ਕੇ ਬਿਆਨ ਕਰਦਾ ਡਾ. ਸੁਰਜੀਤ ਪਾਤਰ ਲਿਖਦਾ ਹੈ :-

ਪਰ ਆਸੇ ਪਾਸੇ ਜਾਲੇ ਨੇ
ਨ੍ਹੇਰਾ ਹੈ, ਘਾਲੇ ਮਾਲੇ ਨੇ
ਕੁਝ ਲੋਕੀ ਭੋਲੇ ਭਾਲੇ ਨੇ
ਕੁਝ ਢੱਗਣ ਵਾਲੇ ਬਾਹਲੇ ਨੇ
ਉੱਚਿਆ ਤਖ਼ਤਾਂ ਤੋਂ ਤੁਰਦੀ ਹੈ
ਇਹ ਟਿਕੇ ਰਹਿਣ ਦੀ ਹਵਸ ਜਿਹੀ [16]

ਇਸ ਤਰ੍ਹਾਂ ਡਾ. ਸੁਰਜੀਤ ਪਾਤਰ ਸਮੇਂ ਦੇ ਗੇੜ੍ਹ ਦੇ ਵਿਭਿੰਨ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਸੀ ਅਤੇ ਮਾਨਵਵਾਦੀ ਸਰੋਕਾਰ ਨੂੰ ਅਨੇਕ ਪੱਖਾਂ ਤੋਂ ਬਾਖ਼ੂਬੀ ਦ੍ਰਿਸ਼ਟੀਗੋਚਰ ਕਰਦਾ ਹੈ। ਅਜਿਹੇ ਅਨੁਭਵਪੂਰਨ ਕਾਵਿ ਦਾ ਅਧਿਐਨ ਕਰਕੇ ਪਾਠਕ ਆਪਣੇ ਆਪ ਨੂੰ ਲੈਮਈ ਸੁਰ ਵਿਚ ਇਕ ਲੰਮੇ ਕਾਲ ਖੰਡ ਵਿਚੋਂ ਲੰਘਦਾ ਅਨੁਭਵ ਕਰਦਾ ਹੈ। ਅਜਿਹਾ ਅਨੁਭਵ ਡਾ. ਸੁਰਜੀਤ ਪਾਤਰ ਦੀ ਕਾਵਿ ਕਲਾ ਹੀ ਕਰਾ ਸਕਦੀ ਹੈ। ਜਿਸ ਵਿਚ ਸਮੇਂ ਦੇ ਅਨੇਕ ਰੰਗ ਬਹੁਅਰਥੀ ਸੁਰ ਵਿਚ ਪ੍ਰਗਟ ਹੁੰਦੇ ਹਨ। ਜਿਸ ਤੋਂ ਪਾਠਕ ਪ੍ਰਭਾਵਿਤ ਹੋਏ ਬਿਨ ਨਹੀਂ ਰਹਿ ਸਕਦਾ। ਡਾ. ਸੁਰਜੀਤ ਪਾਤਰ ਦੀ ਕਵਿਤਾ ਦਾ ਇਹ ਗੁਣ ਉਨ੍ਹਾਂ ਦੇ ਕੱਦ ਨੂੰ ਹੋਰ ਉੱਚਾ ਕਰਦਾ ਹੈ। ਸੱਚਮੁੱਚ ਡਾ. ਸੁਰਜੀਤ ਪਾਤਰ ਦੀ ਕਵਿਤਾ ਪੜ੍ਹ ਕੇ ਪਾਠਕ ਸਮੇਂ ਦੇ ਇਕ ਵੱਡੇ ਧਰਾਤਲ ਤੋਂ ਜਾਣੂ ਹੋ ਜਾਂਦਾ ਹੈ। ਪਾਤਰ ਦੀ ਕਾਵਿ ਸੁਰ ਇੰਨੀ ਸੁਰੀਲੀ ਹੈ ਕਿ ਇਹ ਪਾਠਕ ਨੂੰ ਅੱਕਣ ਜਾਂ ਥੱਕਣ ਵੀ ਨਹੀਂ ਦਿੰਦੀ ਸਗੋਂ ਪਾਠਕ ਦੇ ਮਨ ਦੀਆਂ ਨੁੱਕਰਾਂ ਨੂੰ ਗਿਆਨ ਦੇ ਚਾਨਣ ਨਾਲ ਭਰ ਦਿੰਦੀ ਹੈ ਜਿਸ ਨਾਲ ਪਾਠਕ ਸਮਾਜਿਕ ਚੇਤਨਾ ਪ੍ਰਾਪਤ ਕਰਨ ਦੇ ਨਾਲ ਨਾਲ ਆਪਣੇ ਮਨ ਦੇ ਕਈ ਭਾਵਾਂ ਦਾ ਕਥਾਰਸਿਸ ਹੋ ਗਿਆ ਅਨੁਭਵ ਕਰਦਾ ਹੈ।

**ਹਵਾਲੇ**


1. ਸੁਰਜੀਤ ਪਾਤਰ (ਡਾ.), ਹਨ੍ਹੇਰੇ ਵਿਚ ਸੁਲਗਦੀ ਵਰਨਮਾਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨਾ 31
2. ਉਹੀ, ਪੰਨਾ 17-18
3. ਉਹੀ, ਪੰਨਾ 78
4. ਉਹੀ, ਪੰਨਾ 12
5. ਉਹੀ, ਪੰਨਾ 11
6. ਉਹੀ, ਪੰਨਾ 26
7. ਉਹੀ, ਪੰਨਾ 36
8. ਉਹੀ, ਪੰਨਾ 40-41
9. ਉਹੀ, ਪੰਨਾ 42-43
10. ਉਹੀ, ਪੰਨਾ 89
11. ਉਹੀ

12. ਉਹੀ, ਪੰਨਾ 103
13. ਉਹੀ, ਪੰਨਾ 56
14. ਉਹੀ, ਪੰਨਾ 117
15. ਉਹੀ, ਪੰਨਾ 118
16. ਉਹੀ